ਨਿਊਜ਼ ਰਿਲੀਜ਼

# ਐਲਬਰਟਾ ਦੂਸਰੀ-ਖਰਾਕ ਦੀਆਂ ਐਪੁਆਇੰਮੈਂਟਾਂ ‘ਚ ਤੇਜ਼ੀ ਲਿਆ ਰਿਹਾ ਹੈ

1 ਜੂਨ 2021

ਸਾਰੇ ਐਲਬਰਟਾ ਨਿਵਾਸੀ ਜਲਦੀ ਹੀ ਵੈਸਕੀਨ ਦੀ ਦੂਸਰੀ ਖੁਰਾਕ ਲਗਵਾ ਸਕਣ ਦੇ ਯੋਗ ਹੋਣਗੇ, ਜੋ ਉਨ੍ਹਾਂ ਨੂੰ ਅਤੇ ਸਾਰੇ ਐਲਬਰਟਾ ਨਿਵਾਸੀਆਂ ਨੂੰ ਕੋਵਿਡ-19 ਤੋਂ ਮੁਕੰਮਲ ਸੁਰੱਖਿਆ ਦੇਣ ‘ਚ ਮਦਦ ਕਰੇਗੀ।

ਐਲਬਰਟਾ ਦਾ ਵੈਸਕੀਨ ਲਗਾਉਣ ਦਾ ਪ੍ਰੋਗਰਾਮ ਨਵੇਂ ਦਿਸਹੱਦਿਆਂ ਨੂੰ ਛੂਹ ਰਿਹਾ ਹੈ, ਜਿਸ ਤਹਿਤ ਅੱਜ ਦੀ ਤਰੀਕ ਤੱਕ 2.8 ਮਿਲੀਅਨ ਵੈਕਸੀਨ ਖੁਰਾਕਾਂ ਲਗਾਈਆਂ ਜਾ ਚੁੱਕੀਆਂ ਹਨ ਅਤੇ 12 ਸਾਲ ਤੋਂ ਵੱਧ ਉਮਰ ਦੇ 63.4 ਪ੍ਰਤਿਸ਼ਤ ਐਲਬਰਟਾ ਨਿਵਾਸੀਆਂ ਨੇ ਵੈਕਸੀਨ ਦੀ ਘੱਟੋ ਘੱਟ ਇਕ ਖੁਰਾਕ ਲਗਵਾ ਲਈ ਹੈ।

ਐਲਬਰਟਾ ਨਿਵਾਸੀ ਉਸੇ ਤਰਤੀਬ ‘ਚ ਆਪਣੀ ਦੂਸਰੀ-ਖੁਰਾਕ ਲਗਵਾ ਸਕਣ ਲਈ ਸਮਾਂਬਧ ਹੋ ਸਕਣਗੇ, ਜਿਸ ‘ਚ ਉਨ੍ਹਾਂ ਪਹਿਲੀਆਂ ਵੈਕਸੀਨ ਖੁਰਾਕਾਂ ਲਗਵਾਈਆਂ।

- ਹਰ ਕੋਈ, ਜਿਸਨੂੰ ਮਾਰਚ ਜਾਂ ਇਸ ਤੋਂ ਪਹਿਲਾਂ ਵੈਕਸੀਨ ਲਗਾਇਆ ਗਿਆ, 1 ਜੂਨ ਤੋਂ ਸ਼ੁਰੂ ਹੁੰਦਿਆਂ ਆਪਣੀ ਦੂਸਰੀ ਵੈਕਸੀਨ ਖੁਰਾਕ ਬੁੱਕ ਕਰ ਸਕਦੇ ਹਨ।
- ਹਰ ਕੋਈ, ਜਿੰਨ੍ਹਾਂ ਨੂੰ ਅਪਰੈਲ ‘ਚ ਵੈਕਸੀਨ ਲਗਾਇਆ ਗਿਆ, 14 ਜੂਨ ਤੋਂ ਸ਼ੁਰੂ ਕਰਦਿਆਂ ਆਪਣੀ ਦੂਸਰੀ ਵੈਕਸੀਨ ਖੁਰਾਕ ਬੁੱਕ ਕਰ ਸਕਦੇ ਹਨ।
- ਹਰ ਕੋਈ ਜਿੰਨ੍ਹਾਂ ਨੂੰ ਮਈ 'ਚ ਵੈਕਸੀਨ ਲਗਾਇਆ ਗਿਆ, 28 ਜੂਨ ਤੋਂ ਸ਼ੁਰੂ ਕਰਦਿਆਂ ਆਪਣੀ ਦੂਸਰੀ ਵੈਕਸੀਨ ਖੁਰਾਕ ਬੁੱਕ ਕਰ ਸਕਦੇ ਹਨ।

ਕੋਵਿਡ-19 ਵੈਕਸੀਨ ਦੀ ਇਕੱਲੀ ਖੁਰਾਕ ਹਸਪਤਾਲ ਦਾਖਲਿਆਂ ਅਤੇ ਮੌਤ ਸਮੇਤ, ਮਾੜੇ ਨਤੀਜਿਆਂ ਵਿਰੁੱਧ ਘੱਟੋ ਘੱਟ 80 ਪ੍ਰਤਿਸ਼ਤ ਸੁਰੱਖਿਆ ਪ੍ਰਦਾਨ ਕਰਦੀ ਹੈ। ਐਪਰ, ਵਾਇਰਸ ਤੋਂ ਚੰਗੀ ਤੋਂ ਚੰਗੀ ਅਤੇ ਵੱਧ ਤੋਂ ਵੱਧ ਲੰਮੇਰੇ ਸਮੇਂ ਦੀ ਸੁਰੱਖਿਆ ਪ੍ਰਾਪਤ ਕਰਨ ਵਾਸਤੇ ਦੂਸਰੀਆਂ ਖੁਰਾਕਾਂ ਦੀ ਲੋੜ ਹੈ।

ਐਲਬਰਟਾ ਦੂਸਰੀ ਖੁਰਾਕ ਲਗਾਉਣ ‘ਚ ਰਾਸ਼ਟਰ ਦਾ ਮੋਹਰੀ ਹੈ, ਜਿਸਨੇ ਯੋਗ ਬਣਦੇ ਐਲਬਰਟਾ ਨਿਵਾਸੀਆਂ ਦੇ 10.4 ਪ੍ਰਤਿਸ਼ਤ ਹਿੱਸੇ ਨੂੰ ਪਹਿਲਾਂ ਹੀ ਦੋ ਖੁਰਾਕਾਂ ਲਗਾ ਕੇ ਮੁਕੰਮਲ ਰੂਪ ‘ਚ ਸੁਰੱਖਿਅਤ ਕਰ ਲਿਆ ਹੈ।

**ਦੂਸਰੀ ਖੁਰਾਕ ਲਗਵਾਉਣ ਲਈ ਐਪੁਆਇੰਟਮੈਂਟ ਬੁੱਕ ਕਰਨਾਂ**

ਜਿੱਥੇ ਸੰਭਵ ਹੋਇਆ, ਐਲਬਰਟਾ ਹੈਲਥ ਸਰਵਿਸਿਜ਼ ਅਤੇ ਭਾਗ ਲੈ ਰਹੀਆਂ ਫਾਰਮੇਸੀਆਂ ਜਿੰਨ੍ਹਾਂ ਨੇ ਤੁਹਾਨੂੰ ਪਹਿਲੀ ਖੁਰਾਕ ਲਗਾਈ ਸੀ, ਐਲਬਰਟਾ ਨਿਵਾਸੀਆਂ ਨੂੰ ਇਹ ਯਾਦ ਕਰਵਾਉਣ ਲਈ ਸੰਪਰਕ ਕਰਨਗੇ ਕਿ ਉਹ ਆਪਣੀ ਦੂਸਰੀ ਖੁਰਾਕ ਲਗਵਾਉਣ ਲਈ ਯੋਗ ਹਨ।

ਐਪਰ, ਐਲਬਰਟਾ ਨਿਵਾਸੀਆਂ ਨੂੰ, ਜਦੋਂ ਉਹ ਯੋਗ ਹੋ ਜਾਂਦੇ ਹਨ, ਆਪਣੀ ਐਪੁਆਇੰਟਮੈਂਟ ਬੁੱਕ ਕਰਨ ਲਈ ਸੰਪਰਕ ਕੀਤੇ ਜਾਣ ਦੀ ਉਡੀਕ ਕਰਨ ਦੀ ਲੋੜ ਨਹੀਂ। ਐਲਬਰਟਾ ਨਿਵਾਸੀ ਜਦੋਂ ਵੀ ਵੈਕਸੀਨ ਲਗਵਾਉਣਾ ਚਾਹੁੰਦੇ ਹੋਣ, ਦੂਸਰੀ ਖੁਰਾਕ ਲਗਵਾਉਣ ਲਈ ਬੁੱਕ ਕਰ ਸਕਦੇ ਹਨ।

ਦੂਸਰੀ ਖੁਰਾਕ ਲਗਵਾਉਣ ਲਈ ਐਪੁਆਇੰਮੈਂਟਾਂ ਐਲਬਰਟਾ ਹੈਲਥ ਸਰਵਿਸਿਜ਼ ਦੇ ਵੈੱਬਸਾਈਟ ਰਾਹੀਂ ਆਨਲਾਈਨ, 811 'ਤੇ ਫੋਨ ਕਰਨ ਜਾਂ ਭਾਗ ਲੈ ਰਹੀਆਂ ਫਾਰਮੇਸੀਆਂ ਅਤੇ ਡਾਕਟਰਾਂ ਦੇ ਦਫਤਰਾਂ ਰਾਹੀਂ ਬਣਾਈਆਂ ਜਾ ਸਕਦੀਆਂ ਹਨ। ਦੂਸਰੀਆਂ ਖੁਰਾਕਾਂ ਲਗਵਾਉਣੀਆਂ ਪਹਿਲਾਂ ਆਉਣ, ਪਹਿਲਾਂ ਲਗਵਾਉਣ ਦੇ ਆਧਾਰ 'ਤੇ ਉਪਲਬਧ ਹੋਣਗੀਆਂ।

ਜਦੋਂ ਕਿ ਪਹਿਲੀ ਅਤੇ ਦੂਸਰੀ ਖੁਰਾਕ ਲੱਗਣ ਦਰਮਿਆਨ ਸਮੇਂ ਦੀ ਵਿੱਥ 12 ਹਫਤਿਆਂ ਤੋਂ ਸ਼ੁਰੂ ਹੋਵੇਗੀ, ਐਲਬਰਟਾ ਹੁਣ ਦੂਸਰੀ ਖੁਰਾਕ ਲਗਵਾਉਣ ਲਈ ਐਪੁਆਇੰਟਮੈਂਟਾਂ ਹੌਲੀ ਹੌਲੀ ਥੋੜ੍ਹੇ ਸਮੇਂ ਦੀ ਵਿੱਥ 'ਤੇ ਬਣਾ ਸਕਣ ਦੀ ਪੇਸ਼ਕਸ਼ ਕਰਨ ਦੇ ਯੋਗ ਹੋਵੇਗਾ, ਬਸ਼ਰਤੇ ਕਿ ਵੈਕਸੀਨ ਸਪਲਾਈ ਸਥਿਰ ਢੰਗ ਨਾਲ ਬਣੀ ਰਹੇ।

- ਫਾਇਜ਼ਰ ਅਤੇ ਮੌਡਰਨਾ ਵਾਸਤੇ ਵਿਚਕਾਰਲੇ ਸਮੇਂ ਨੂੰ ਹੌਲੀ ਹੌਲੀ ਘੱਟੋ ਘੱਟ ਤਿੰਨ ਤੋਂ ਚਾਰ ਹਫਤਿਆਂ ਤੱਕ ਘਟਾਇਆ ਜਾਵੇਗਾ, ਜਿਵੇਂ ਜਿਵੇਂ ਸਪਲਾਈ ਉਪਲਬਧ ਰਹਿੰਦੀ ਹੈ ਅਤੇ ਅਸੀਂ ਯੋਗ ਬਣਦੇ ਗਰੁੱਪਾਂ ਨੂੰ ਲਗਾਈ ਜਾਂਦੇ ਹਾਂ।
- ਐਸਟਰਾਜ਼ੈਨੇਕਾ ਵਾਸਤੇ, ਵਿਚਕਾਰਲੇ ਸਮੇਂ ਨੂੰ ਹੌਲੀ ਹੌਲੀ ਵੱਧ ਤੋਂ ਵੱਧ ਅਸਰਦਾਰੀ ਲਈ ਘੱਟੋ ਘੱਟ ਸਿਫਾਰਸ਼ ਕੀਤੇ ਜਾਂਦੇ ਅੱਠ ਜਾਂ ਵਧੇਰੇ ਹਫਤਿਆਂ ਦੇ ਸਮੇਂ ਤੱਕ ਘਟਾਇਆ ਜਾਵੇਗਾ।

**ਐਸਟਰਾਜ਼ੈਨੇਕਾ**

ਐਲਬਰਟਾ ਨਿਵਾਸੀ, ਜਿੰਨ੍ਹਾਂ ਨੇ ਐਸਟਰਾਜ਼ੈਨੇਕਾ ਦੀ ਖੁਰਾਕ ਮਾਰਚ ਜਾਂ ਇਸ ਤੋਂ ਪਹਿਲਾਂ ਲਗਵਾਈ ਸੀ, ਹੁਣ ਦੂਸਰੀ ਖੁਰਾਕ ਲਗਵਾਉਣ ਲਈ ਐਪੁਆਇੰਮੈਂਟ ਬੁੱਕ ਕਰ ਸਕਦੇ ਹਨ। ਕੋਈ ਵੀ, ਜਿਸਨੇ ਇਹ ਅਪਰੈਲ ਜਾਂ ਮਈ 'ਚ ਲਗਵਾਈ, ਉਸਨੂੰ ਦੂਸਰੀ ਬੁੱਕਿੰਗ ਕਰਨ ਤੋਂ ਪਹਿਲਾਂ ਪਹਿਲੀ ਖੁਰਾਕ ਦੇ ਲੱਗਣ ਤੋਂ ਮਗਰੋਂ ਅੱਠ ਹਫਤੇ ਲੰਘ ਲੈਣ ਦੇਣੇ ਚਾਹੀਦੇ ਹਨ।

ਐਲਬਰਟਾ ਨਿਵਾਸੀ, ਜਿੰਨ੍ਹਾਂ ਨੇ ਪਹਿਲੀ ਖੁਰਾਕ ਐਸਟਰਾਜ਼ੈਨੇਕਾ ਦੀ ਲਗਵਾਈ ਸੀ, ਉਨ੍ਹਾਂ ਪਾਸ ਚੋਣ ਹੋਵੇਗੀ:

- ਐਸਟਰਾਜ਼ੈਨੇਕਾ ਵਾਸਤੇ ਦੂਸਰੀ ਐਪੁਆਇੰਟਮੈਂਟ ਐਲਬਰਟਾ ਹੈਲਥ ਸਰਵਿਸਿਜ਼ ਦੀ ਆਨਲਾਈਨ ਬੁੱਕਿੰਗ ਸਾਈਟ 'ਤੇ ਜਾ ਕੇ, 811 'ਤੇ ਫੋਨ ਕਰਕੇ ਜਾਂ ਐਲਬਰਟਾ ਬਲੂਕਰਾਸ ਦੇ ਵੈੱਬਸਾਈਟ 'ਤੇ ਦਿੱਤੀ ਗਈ ਸੂਚੀ 'ਚੋਂ ਕਿਸੇ ਫਾਰਮੇਸੀ 'ਤੇ ਜਾਣ ਦੁਆਰਾ ਬੁੱਕ ਕਰਨ ਦੀ ਚੋਣ।
- ਭਾਗ ਲੈ ਰਹੀਆਂ ਫਾਰਮੇਸੀਆਂ ਜਾਂ ਐਲਬਰਟਾ ਹੈਲਥ ਸਰਵਿਸਿਜ਼ ਰਾਹੀਂ mRNA ਵੈਕਸੀਨ ਵਾਸਤੇ ਦੂਸਰੀ ਐਪੁਆਇੰਟਮੈਂਟ ਬੁੱਕ ਕਰਨ ਦੀ ਚੋਣ।

**ਪਹਿਲੀਆਂ ਖੁਰਾਕਾਂ**

ਪਹਿਲੀਆਂ ਖੁਰਾਕਾਂ ਲਗਵਾਉਣ ਵਾਸਤੇ ਬੁੱਕਿੰਗ ਕਰਨੀਆਂ ਸਭ ਤੋਂ ਉੱਪਰ ਦੀ ਤਰਜ਼ੀਹ ਹੈ। ਐਲਬਰਟਾ ਨਿਵਾਸੀ, ਜਿੰਨ੍ਹਾਂ ਨੇ ਅਜੇ ਤੱਕ ਵੈਕਸੀਨ ਦੀ ਪਹਿਲੀ ਖੁਰਾਕ ਨਹੀਂ ਲਗਵਾਈ, ਉਨ੍ਹਾਂ ਨੂੰ ਜਿੰਨੀ ਜਲਦੀ ਤੋਂ ਜਲਦੀ ਸੰਭਵ ਹੋਵੇ, ਐਪੁਆਇੰਟਮੈਂਟ ਬੁੱਕ ਕਰਨ ਵਾਸਤੇ ਉਤਸ਼ਾਹਤ ਕੀਤਾ ਜਾਂਦਾ ਹੈ।

**ਐਲਬਰਟਾ ਸਰਕਾਰ ਸਹੀ ਪ੍ਰਕਾਰ ਦੇ ਉਪਾਵਾਂ ਸਹਿਤ ਬੀਮਾਰੀ ਦੇ ਕਰਵ ਨੂੰ ਘੱਟ ਕਰਨ, ਛੋਟੇ ਕਾਰੋਬਾਰਾਂ ਨੂੰ ਬਣੇ ਰੱਖਣ ਅਤੇ ਐਲਬਰਟਾ ਦੇ**

ਸਿਹਤ-ਸੰਭਾਲ ਪ੍ਰਬੰਧ ਨੂੰ ਬਚਾਈ ਰੱਖਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਕਰਦਿਆਂ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰ ਰਹੀ ਹੈ।

## ਸਬੰਧਤ ਜਾਣਕਾਰੀ

- Book your COVID-19 vaccine appointment

## ਮਲਟੀਮੀਡੀਆ

- Watch the news conference

## ਮੀਡੀਆ ਇਨਕੁਆਰੀਆਂ

Jerrica Goodwin

587-988-3278

ਪ੍ਰੈੱਸ ਸੈਕਰੇਟਰੀ, ਆਫਸ ਆਫ ਦਿ ਪ੍ਰੀਮੀਅਰ

Tom McMillan

780-422-4905

ਅਸਿਸਟੈਂਟ ਡਾਇਰੈਕਟਰ ਆਫ ਕਮਿਊਨੀਕੇਸ਼ਨਜ਼, ਹੈਲਥ

*ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ: https://www.alberta.ca/covid-19-translated-resources.aspx.*